# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162


Epaper World Punjabi Times | 29 ਸਤੰਬਰ 2024 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਭਾਰਤ ਵਿੱਚ ਆਯੋਜਿਤ ਹੋਣ ਵਾਲੀਆ "ਅਧਿਆਪਕ ਸਿਖਲਾਈ ਵਰਕਸ਼ਾਪਾਂ" ਇਤਿਹਾਸਕ ਮੀਲ ਪੱਥਰ ਸਾਬਤ ਹੋਗੀਆਂ: ਅਜੈਬ ਸਿੰਘ ਚੱਠਾ

### ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਅੰਤਰਰਾਸ਼ਟਰੀ ਵੈਬੀਨਾਰ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਕੈਨੇਡਾ, 29 ਸਤੰਬਰ : ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਪ੍ਰਫੁੱਲਤਾ ਹਿੱਤ ਭਾਰਤ ਵਿੱਚ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਰਵਾਇਆ ਅੰਤਰਰਾਸ਼ਟਰੀ ਵੈਬੀਨਰ ਮਿੱਥੇ ਉਦੇਸ਼ਾਂ ਦੀ ਪੂਰਤੀ ਕਰਦਿਆਂ ਸਫ਼ਲ ਰਿਹਾ। ਗੌਰਤਲਬ ਹੈ ਕਿ ਜਗਤ ਪੰਜਾਬੀ ਸਭਾ ਕੈਨੇਡਾ, ਭਾਰਤ 'ਚ ਦਸੰਬਰ 2024 ਤੋਂ ਮਾਰਚ 2025 ਤੱਕ ਅਧਿਆਪਕ ਸਿਖਲਾਈ ਵਰਕਸ਼ਾਪਾਂ ਲਾਉਣ ਜਾ ਰਹੀ ਹੈ ਜਿਸ ਅਧੀਨ ਸਕੂਲਾਂ-ਕਾਲਜਾਂ ਦੇ ਅਧਿਆਪਕਾਂ ਨੂੰ ਭਾਸ਼ਣ ਕਲਾ, ਨੈਤਿਕਤਾ, ਪੰਜਾਬੀ ਭਾਸ਼ਾ, ਪੜ੍ਹਾਉਣ ਵਾਲਾ ਮਾਹੌਲ ਸਿਰਜਣਾ ਤੇ ਸਫ਼ਲ ਜ਼ਿੰਦਗੀ




ਜਿਊਣ ਦੇ ਤਰੀਕੇ ਸਿਖਾਉਣ ਵਾਲੇ ਪੰਜ ਵਿਸ਼ੇ ਰੱਖੇ ਗਏ ਹਨ ਜਿਨ੍ਹਾਂ ਨੂੰ ਆਪਣੇ ਖੇਤਰ ਦੇ ਵਿਸ਼ਾ ਮਾਹਿਰ ਅਧਿਆਪਕਾਂ ਨੂੰ 'ਲਗਾਤਾਰ ਪੇਸ਼ੇਵਰ ਵਿਕਾਸ' ਵਰਕਸ਼ਾਪਾਂ ਰਾਹੀਂ ਸਿਖਲਾਈ ਦੇਣਗੇ।

ਵੈਬੀਨਰ ਦੀ ਸ਼ੁਰੂਆਤ ਜਗਤ ਪੰਜਾਬੀ ਸਭਾ, ਕੈਨੇਡਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਵੈਬੀਨਾਰ ਦੀ ਮਹੱਤਤਾ ਤੇ ਉਦੇਸ਼ ਦੱਸਦੇ ਹੋਏ ਹਾਜ਼ਰੀਨ ਨੂੰ ਜੀ ਆਇਆ ਨੂੰ ਆਖਿਆ। ਓਐੱਫਸੀ ਦੇ ਪ੍ਰਧਾਨ ਡਾ. ਸੰਤੋਖ ਸਿੰਘ ਸੰਧੂ ਨੇ ਸਮੁੱਚੇ ਵੈਬੀਨਰ ਦਾ ਸੰਚਾਲਨ ਸੰਭਾਲਿਆ । ਡਾ. ਸੰਧੂ ਨੇ ਵੈਬੀਨਾਰ ਦੀ ਸ਼ੁਰੂਆਤ ਕਰਦਿਆਂ ਵਿਸ਼ੇ ਮਾਹਿਰਾ ਨੂੰ ਵੈਬੀਨਰਾਂ ਦੇ ਨੇਮਾਂ ਤੋਂ ਕਰਵਾਉਂਦਿਆ ਵੈਬੀਨਾਰ ਦੇ ਸੈਸ਼ਨ ਦੀ ਸ਼ੁਰੂਆਤ ਕੀਤੀ। ਵੈਬੀਨਾਰ 'ਚ ਸ਼ਾਮਿਲ ਹੋਏ ਵਿਸ਼ੇ ਮਾਹਿਰ ਵਜੋਂ ਡਾ. ਮਨਪ੍ਰੀਤ ਕੌਰ ਨੇ ਨੈਤਿਕਤਾ, ਡਾ. ਸਾਇਮਾ ਬਤੂਲ ਨੇ ਅਖ਼ਲਾਕੀ ਕਦਰਾਂ-ਕੀਮਤਾਂ, ਡਾ. ਆਸਾ ਸਿੰਘ ਘੁੰਮਣ ਨੇ ਭਾਸ਼ਣ ਕਲਾ, ਡਾ. ਮਨਿੰਦਰਜੀਤ ਕੌਰ ਨੇ ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ, ਡਾ. ਬਲਜੀਤ ਕੌਰ ਰਿਆੜ ਨੇ ਕਲਾਸ ਵਿੱਚ ਚੰਗਾ ਮਾਹੌਲ ਕਿਵੇਂ ਸਿਰਜਣਾ, ਡਾ. ਗੁਰਪ੍ਰੀਤ ਕੌਰ ਨੇ ਕਾਮਯਾਬੀ ਜ਼ਿੰਦਗੀ ਜਿਉਣ ਦੇ ਤਰੀਕੇ ਅਤੇ ਮੈਡਮ ਰੀਟਾ ਜੋਸ਼ਨ ਨੇ ਖੁਸ਼ਗੁਵਾਰ ਜ਼ਿੰਦਗੀ ਜਿਉਣ ਦੇ ਤਰੀਕੇ ਵਿਸ਼ਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਵੈਬੀਨਾਰ 'ਚ ਸ਼ਾਮਿਲ ਹਾਜ਼ਰੀਨ ਵੱਲੋਂ ਸਮੁੱਚੇ ਸੈਸ਼ਨ ਦੀ ਸ਼ਲਾਘਾ ਕੀਤੀ ਗਈ।

ਇਸ ਤੋਂ ਇਲਾਵਾ ਗੁਰਵੀਰ ਸਿੰਘ ਸਰੌਂਦ, ਡਾ. ਸਤਿੰਦਰ ਕੌਰ ਕਾਹਲੋਂ, ਮੰਗਲਜੀਤ ਸਿੰਘ, ਤ੍ਰਿਪਤਾ ਸੋਢੀ ਤੇ ਹੋਰਨਾ ਨੇ ਆਪਣੇ ਵਿਚਾਰ ਸਾਂਝੇ ਕੀਤੇ। ਰਮਨੀ ਸਜਾਨਪੁਰੀ ਵੱਲੋਂ ਜਗਤ ਪੰਜਾਬੀ ਸਭਾ ਕੈਨੇਡਾ ਦੇ ਕੀਤੇ ਕਾਰਜਾਂ 'ਤੇ ਅਧਾਰਿਤ ਆਪਣੀ ਰਚਨਾ ਪੇਸ਼ ਕੀਤੀ। ਵੈਬੀਨਾਰ ਦੀ ਸਮਾਪਤੀ 'ਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਵੈਬੀਨਰ 'ਚ ਸ਼ਾਮਿਲ ਹੋਏ ਦਰਸ਼ਕਾਂ ਦਾ ਧੰਨਵਾਦ ਕੀਤਾ।

## ਸਾਂਝਾ ਫਰੰਟ ਦੇ ਸੱਦੇ' ਤੇ 2 ਅਕਤੂਬਰ ਨੂੰ ਅੰਬਾਲਾ ਰੈਲੀ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਕਰਨਗੇ ਵੱਡੀ ਸ਼ਮੂਲੀਅਤ : ਲੁਬਾਣਾ/ਰਾਣਵਾਂ

### ਮੁਲਾਜ਼ਮ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਹੋ ਰਹੀਆਂ ਜਿਮਨੀ ਚੋਣਾਂ ਦੌਰਾਨ ਤਿੱਖਾ ਸੰਘਰਸ਼ ਕਰਨ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਸਤੰਬਰ : ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਨਾਲ ਸਬੰਧਤ ਬਹੁਤ ਸਾਰੇ ਰਾਜਸੀ ਨੇਤਾ ਹਰ ਰੋਜ਼ ਹਰਿਆਣਾ ਦੇ ਵੱਖ ਵੱਖ ਇਲਾਕਿਆਂ ਵਿੱਚ ਜਾ ਕੇ ਪੰਜਾਬ ਵਿੱਚ ਲਿਆਂਦੇ ਗਏ ਇਨਕਲਾਬ ਦਾ ਢੰਡੋਰਾ ਪਿੱਟ ਰਹੇ ਹਨ, ਜਦਕਿ ਅਸਲ ਸਥਿਤੀ ਇਹ ਹੈ ਕਿ ਪੰਜਾਬ ਵਿੱਚ ਵੱਖ ਵੱਖ ਵਰਗਾਂ ਨਾਲ ਸਬੰਧਤ ਲੋਕ ਭਗਵੰਤ ਮਾਨ ਸਰਕਾਰ ਦੀ ਕਾਰਜਸ਼ੈਲੀ ਤੋਂ ਦੁਖੀ ਹੋ ਕੇ ਆਪਣੇ ਸੰਘਰਸ਼ਾਂ ਨੂੰ ਦਿਨੋ ਦਿਨ ਤਿੱਖਾ ਕਰਨ ਲਈ ਮਜਬੂਰ ਹੋ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨਾ ਤਾਂ ਬਹੁਤ ਦੂਰ ਦੀ ਗੱਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਹੀ ਭਗੋੜੇ ਹੋ ਗਏ ਹਨ। ਇਸ ਦੇ ਵਿਰੋਧ ਵਿੱਚ ਫਰੰਟ ਵੱਲੋਂ 2 ਅਕਤੂਬਰ ਨੂੰ ਅੰਬਾਲਾ ਸ਼ਹਿਰ ਵਿੱਚ ਰੋਸ ਰੈਲੀ




ਅਤੇ ਝੰਡਾ ਮਾਰਚ ਕਰਕੇ ਹਰਿਆਣਾ ਦੇ ਸਮੂਹ ਵੋਟਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਜਾਗਰੂਕ ਕਰਨ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ ਤਾਂ ਕਿ ਕਾਰਪੇਟ ਘਰਾਣਿਆਂ ਦੀਆਂ ਕਠਪੁਤਲੀ ਅਤੇ ਝੂਠਾਂ ਦੀਆਂ ਪੰਡਾਂ ਨੂੰ ਮਾਤ ਦਿੱਤੀ ਜਾ ਸਕੇ। ਇਸ ਐਕਸ਼ਨ ਨੂੰ ਸਫਲ ਬਣਾਉਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ, ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਪ੍ਰਮੁੱਖ ਆਗੂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਜਸਵਿੰਦਰ ਪਾਲ ਉੱਘੀ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰ ਯੂਨੀਅਨ (ਏਟਕ) ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ ਤੇ ਗੁਰਜੰਟ ਸਿੰਘ ਕੋਕਰੀ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਚਰਨ ਸਿੰਘ ਸਰਾਭਾ, ਸੁਰਿੰਦਰ ਕੁਮਾਰ ਪੁਆਰੀ, ਗੁਰਪ੍ਰੀਤ ਸਿੰਘ ਮਾੜੀ ਮੇਘਾ ਤੇ ਪ੍ਰਵੀਨ ਕੁਮਾਰ ਲੁਧਿਆਣਾ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਅੰਬਾਲਾ ਰੈਲੀ ਵਿੱਚ ਵੱਡੀ ਸ਼ਮੂਲੀਅਤ ਕਰਨਗੇ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਸਾਰੇ ਵਾਅਦੇ ਤੁਰੰਤ ਪੂਰੇ ਕੀਤੇ ਜਾਣ। ਆਗੂਆਂ ਨੇ ਇਹ ਚਿਤਾਵਨੀ ਵੀ ਦਿੱਤੀ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣ ਤੋਂ ਬਾਅਦ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਆਪਣਾ ਸੰਘਰਸ਼ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਵਿੱਚ ਹੋ ਰਹੀਆਂ ਜਿਮਨੀ ਚੋਣਾਂ ਦੌਰਾਨ ਤਿੱਖਾ ਕੀਤਾ ਜਾਵੇਗਾ।

## ਪੰਜਾਬ ਡਿਗਰੀ ਕਾਲਜ ਵਿਖੇ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਸੈਮੀਨਾਰ ਅਤੇ ਸਹੁੰ ਚੁੱਕ ਸਮਾਗਮ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ/ਸਾਦਿਕ, 29 ਸਤੰਬਰ : ਸਵੱਛਤਾ ਹੀ ਸੇਵਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੇ ਅਧੀਨ ਐਨ.ਐਸ.ਐਸ. ਯੂਨਿਟ ਦੇ ਅੰਤਰਗਤ ਪੰਜਾਬ ਡਿਗਰੀ ਕਾਲਜ ਮਹਿਮੂਆਣਾ ਵਿਖੇ ਸੰਸਥਾ ਦੇ ਮੁਖੀ ਡਾ. ਦੀਪਕ ਅਰੋੜਾ, ਸਕੂਲ ਇੰਚਾਰਜ ਪ੍ਰੋ. ਪ੍ਰੀਤਇੰਦਰ ਕੌਰ ਗੋਂਦਾਰਾ ਅਤੇ ਐਨ.ਐਸ.ਐਸ. ਯੂਨਿਟ ਦੇ ਪ੍ਰੋਗਰਾਮ ਅਫਸਰ ਡਾ।ਹਰਦੀਪ ਸਿੰਘ ਦੀ ਦੇਖ ਰੇਖ ਸਦਕਾ ਕਾਲਜ ਵਿੱਚ ਸਵੱਛਤਾ ਹੀ ਸੇਵਾ" ਦੇ ਅਧੀਨ ਸੈਮੀਨਾਰ ਅਤੇ ਸਹੁੰ ਚੁੱਕ ਸਮਾਗਮ ਕਰਵਾਇਆ ਅਤੇ ਸਫਾਈ ਸਬੰਧੀ ਗਤੀਵਿਧੀ ਵੀ ਕਰਵਾਈ ਗਈ। ਜਿਸ ਅਧੀਨ ਬੱਚਿਆਂ ਨੂੰ ਇਹ ਦੱਸਿਆ ਗਿਆ ਕਿ ਸਾਨੂੰ ਖਾਣਾ ਖਾਣ ਤੋਂ ਪਹਿਲਾ ਹਮੇਸਾ ਆਪਣੇ ਹੱਥ ਚੰਗੀ ਤਰ੍ਹਾਂ ਨਾਲ ਧੋਣੇ ਚਾਹੀਦੇ ਹਨ ਅਤੇ ਹੱਥਾਂ ਦੇ ਨਾਲਨਾਲ ਬੱਚਿਆਂ ਨੂੰ ਆਪਣੇ ਸਰੀਰ ਦੀ ਵੀ ਪੂਰੀ ਤਰ੍ਹਾਂ



ਨਾਲ ਸਫਾਈ ਰੱਖਣੀ ਚਾਹੀਦੀ ਹੈ,ਤਾਂ ਕਿ ਜੋ ਉਹ ਬਿਮਾਰੀਆਂ ਤੋਂ ਦੂਰ ਰਹਿ ਸਕਣ। ਇਸ ਸਫਾਈ ਅਭਿਆਨ ਦੇ ਤਹਿਤ ਕਾਲਜ ਦੇ ਸਾਰੇ ਏਰੀਏ ਦੀ ਸਫਾਈ ਕਰਵਾਈ ਗਈ,ਜਿਸ ਵਿੱਚ ਵਲੰਟੀਅਰਜ ਨੇ ਵੱਧ ਚੜ੍ਹ ਕੇ ਭਾਗ ਲਿਆ। ਸੰਸਥਾ ਦੇ ਮੁਖੀ ਡਾ. ਦੀਪਕ ਅਰੋੜਾ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਅਤੇ ਚੁਗਿਰਦੇ ਦੀ ਸਾਫ ਸਫਾਈ ਤੇ ਸੁੰਦਰਤਾ ਲਈ ਸਾਨੂੰ ਹਰ ਇੱਕ ਨਾਗਰਿਕ ਨੂੰ ਹੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ 'ਸਵੱਛਤਾ ਹੀ ਸੇਵਾ' ਦਾ ਸੁਨੇਹਾ ਘਰ ਘਰ ਪਹੁੰਚਾਉਣਾ ਚਾਹੀਦਾ ਹੈ। ਇਸ ਗਤੀਵਿਧੀ ਦੇ ਸਮੇਂ ਮੌਕੇ ਤੇ ਸਕੂਲ ਇੰਚਾਰਜ ਪ੍ਰੋਫੈਸਰ ਪ੍ਰੀਤਇੰਦਰ ਕੌਰ, ਡਾ।ਗੁਰਵਿੰਦਰਪਾਲ ਕੌਰ, ਐੱਨ.ਐੱਸ.ਐੱਸ ਯੂਨਿਟ ਦੇ ਪ੍ਰੋਗਰਾਮ ਅਫਸਰ ਡਾ. ਹਰਦੀਪ ਸਿੰਘ, ਪ੍ਰੋ. ਗੁਰਜੰਟ ਸਿੰਘ,ਪ੍ਰੋ. ਰੋਜੀ, ਬਲਤੇਜ ਸਿੰਘ, ਮਨਪ੍ਰੀਤ ਸਿੰਘ ਪੀ.ਆਰ.ਓ. ਤੋਂ ਇਲਾਵਾ ਵਲੰਟੀਅਰਜ ਹਾਜਿਰ ਸਨ।

## ਸ਼ਹੀਦ ਭਗਤ ਸਿੰਘ ਜੀ ਦੇ 117ਵੇ ਜਨਮ ਦਿਹਾੜੇ ਤੇ ਇਸ਼ਮੀਤ ਮਿਊਜ਼ਕ ਇੰਸਟੀਚਿਊਟ ਵਿਖੇ ਸੂਫ਼ੀ ਸੁਰਾਂ ਦੀ ਛਹਿਬਰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 29 ਸਤੰਬਰ : ਸ਼ਹੀਦ ਭਗਤ ਸਿੰਘ ਜੀ ਦੇ 117ਵੇਂ ਜਨਮ ਦਿਹਾੜੇ ਨੂੰ ਸਮਰਪਿਤ ਸੂਫੀਆਨਾ ਸ਼ਾਮ ਦਾ ਆਯੋਜਨ ਇਸ਼ਮੀਤ ਮਿਊਜ਼ਕ ਇੰਸਟੀਚਿਊਟ ਰਾਜਗੁਰੂ ਨਗਰ ਲੁਧਿਆਣਾ ਵਿਖੇ ਕਰਵਾਇਆ ਗਿਆ। ਸ਼ਹੀਦ ਭਗਤ ਸਿੰਘ ਦੇ ਚਿਤਰ ਨੂੰ ਕੈਲੇਫੋਰਨੀਆ)ਅਮਰੀਕਾ ਵੱਸਦੇ ਪੰਜਾਬੀ ਸੂਫ਼ੀ ਗਾਇਕ ਸੁਖਦੇਵ ਸਾਹਿਲ ਜਿੰਨ੍ਹਾਂ ਨੇ ਸੂਫ਼ੀ ਤੇ ਸੁਗਮ ਸੰਗੀਤ ਨੂੰ ਪਿਛਲੇ ਤੀਹ ਸਾਲ ਤੋਂ ਅਪਣਾਇਆ ਤੇ ਨਿਭਾਇਆ ਹੈ, ਉਨ੍ਹਾਂ ਸੂਫ਼ੀਆਨਾ ਸ਼ਾਮ ਪੇਸ਼ ਕਰਕੇ ਸਰੋਤਿਆਂ ਨੂੰ ਸੁਰਾਂ ਦੀ ਛਹਿਬਰ ਨਾਲ ਸਰਸ਼ਾਹ ਕੀਤਾ।




ਇਸ਼ਮੀਤ ਇੰਸਟੀਚਿਊਟ ਦੇ ਡਾਇਰੈਕਟਰ ਡਾ. ਚਰਨ ਕਮਲ ਸਿੰਘ ਨੇ ਸਵਾਗਤੀ ਸ਼ਬਦਾਂ ਵਿੱਚ ਕਿਹਾ ਕਿ ਪਦਮ ਸ਼੍ਰੀ ਹੰਸ ਰਾਜ ਹੰਸ ਦੇ ਸ਼ਾਗਿਰਦ ਜਨਾਬ ਸੁਖਦੇਵ ਸਾਹਿਲ ਨੇ ਪੰਜਾਬ ਰਹਿੰਦਿਆਂ ਫਗਵਾੜਾ ਵਿਖੇ ਸੂਫ਼ੀ ਤੇ ਸੁਗਮ ਸੰਗੀਤ ਦੇ ਖੇਤਰ ਵਿੱਚ ਤਪੱਸਵੀਂ ਵਾਂਗ ਜੀਵਨ ਗੁਜ਼ਾਰਿਆ। ਹੁਣ ਅਮਰੀਕਾ ਵਿੱਚ ਵੀ ਉਹ ਲਗਾਤਾਰ ਇਸ ਮਿਸ਼ਨ ਨੂੰ ਲੈ ਰੇ ਅੱਗੇ ਵਧ ਰਹੇ ਹਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸੁਖਦੇਵ ਸਾਹਿਲ ਨੇ ਹੁਣ ਤੀਕ ਉਰਦੂ ਤੇ ਪੰਜਾਬੀ ਸਾਹਿੱਤ ਦੀਆਂ ਚੰਗੀਆਂ ਸਾਹਿੱਤਕ ਵੰਨਗੀਆਂ ਨੂੰ ਰੀਕਾਰਡ ਕਰਕੇ ਸੁਖਦੇਵ ਸਾਹਿਲ ਜੀ ਨੇ ਆਪਣੇ ਸ਼ਾਗਿਰਦਾਂ ਨੂੰ ਵੀ ਇਸ ਮਾਰਗ ਤੇ ਤੋਰਿਆ ਹੈ। ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸੁਖਦੇਵ ਸਾਹਿਲ ਜੀ ਨੇ ਇਸ਼ਮੀਤ ਮਿਊਜ਼ਕ ਅਕਾਡਮੀ ਵਿਖੇ ਪਹੁੰਚ ਕੇ ਪੰਜਾਬੀ ਸਰੋਤਿਆਂ ਨੂੰ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਚੇਤਨਾ ਪ੍ਰਕਾਸ਼ਨ ਲੁਧਿਆਣਾ ਦੇ ਸੰਸਥਾਪਕ ਤੇ ਸ਼ਾਇਰ ਸਤੀਸ਼ ਗੁਲਾਟੀ ਨੇ ਕਿਹਾ ਕਿ ਅਸੀਂ ਸਮੂਹ ਪੰਜਾਬੀ ਇਸ ਮਹਾਨ ਕਲਾਕਾਰ ਦਾ ਸਨਮਾਨ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਾਂ।

ਇਸ ਸਮਾਗਮ ਵਿੱਚ ਇਸ਼ਮੀਤ ਮਿਊਜ਼ਕ ਇੰਸਟੀਚਿਊਟ ਦੇ ਕਲਾਕਾਰਾਂ ਹਰਸ਼ੀਨ ਕੌਰ ਤੇ ਮਿਸ ਰਾਸ਼ੀ ਨੇ ਸੂਫ਼ੀ ਕਲਾਮ ਪੇਸ਼ ਕਰਤੱ ਕਮਾਲ ਕੀਤੀ। ਸਮਾਗਮ ਦੇ ਅੰਤ ਵਿੱਚ ਸਮੂਹ ਨਾਚ ਰਾਹੀਂ ਸੂਫ਼ੀ ਰੰਗ ਪੇਸ਼ ਕੀਤਾ ਗਿਆ।

ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਸਾਬਕਾ ਕਮਿਸ਼ਨਰ ਪੁਲੀਸ ,ਡਾ. ਅਮਰਜੀਤ ਕੌਰ, ਵਰਿੰਦਰ ਸਿੰਘ ਨਿਰਮਾਣ, ਡਾ. ਕੇਵਲ ਅਰੋੜਾ, ਡਾ. ਗੁਰਇਕਬਾਲ ਸਿੰਘ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ, ਸੁਮਿਤ ਗੁਲਾਟੀ , ਬਲਕਾਰ ਸਿੰਘ, ਸ਼ਿਵ ਕੁਮਾਰ ਸੋਨੀ ਸਾਬਕਾ ਪ੍ਰਧਾਨ ਨਗਰ ਪਾਲਿਕਾ ਪਾਇਲ,ਸ਼ਿਵ ਕੁਮਾਰ ਕੌਸ਼ਲ ਸਮੇਤ ਸ਼ਹਿਰ ਦੀਆਂ ਸਿਰਕੱਢ ਕਲਾਪ੍ਰਸਤ ਹਸਤੀਆਂ ਹਾਜ਼ਰ ਸਨ। ਇਸ ਮੌਕੇ ਇਸ਼ਮੀਤ ਮਿਊਜ਼ਕ ਇੰਸਟੀਚਿਊਟ,ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਤੇ ਚੇਤਨਾ ਪ੍ਰਕਾਸ਼ਨ ਵੱਲੋਂ ਸੁਖਦੇਵ ਸਾਹਿਲ ਨੂੰ ਸਨਮਾਨ ਚਿੰਨ੍ਹ, ਦੋਸ਼ਾਲਾ ਤੇ ਪੁਸਤਕਾਂ ਦਾ ਸੈਂਟ ਭੇਂਟ ਕਰਕੇ ਸਨਮਾਨਿਤ ਕੀਤਾ।

## ਦੁਸਹਿਰਾ ਮੇਲਾ ਮਨਾਉਣ ਸਬੰਧੀ, ਦੀ ਫ਼ਰੀਦਕੋਟ ਦੁਸਹਿਰਾ ਕਮੇਟੀ ਨੇ ਕੀਤੀ ਅਹਿਮ ਮੀਟਿੰਗ

### ਦੁਸਹਿਰਾ ਮੇਲਾ 12 ਅਕਤੂਬਰ ਨੂੰ ਫ਼ਰੀਦਕੋਟ ਵਿਖੇ ਪੂਰਨ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ : ਅਸੋਕ ਸੱਚਰ, ਵਿਨੋਦ ਬਜਾਜ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ, 29 ਸਤੰਬਰ : ਪੂਰੇ ਉੱਤਰੀ ਭਾਰਤ 'ਚ ਕੁਲੂ ਤੋਂ ਬਾਅਦ ਫ਼ਰੀਦਕੋਟ ਦਾ ਦੁਸਹਿਰਾ ਪ੍ਰਸਿੱਧ ਹੈ। ਇਹ ਦੁਸਹਿਰਾ ਫ਼ਰੀਦਕੋਟ ਵਿਖੇ ਮਹਰਾਜ ਫ਼ਰੀਦਕੋਟ ਦੇ ਸਮੇਂ ਤੋਂ ਨਿਰੰਤਰ ਮਨਾਇਆ ਜਾ ਰਿਹਾ ਹੈ। ਇਸ ਪਰਮਪੰਰਾ ਨੂੰ ਜਾਰੀ ਰੱਖਦਿਆਂ ਦੀ ਫ਼ਰੀਦਕੋਟ ਦੁਸਹਿਰਾ ਕਮੇਟੀ ਫ਼ਰੀਦਕੋਟ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬੁਰਾਈ ਉੱਤੇ ਸੱਚਾਈ ਦੀ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ, ਦੀ ਫ਼ਰੀਦਕੋਟ ਦੁਸਹਿਰਾ ਕਮੇਟੀ ਵੱਲੋਂ ਮਨਾਇਆ ਜਾਂਦਾ ਹੈ। ਇਸ ਵਾਰ ਦੀ ਦੁਸਹਿਰਾ ਦਾ ਤਿਉਹਾਰ ਮਨਾਉਣ ਵਾਸਤੇ ਮੀਟਿੰਗ ਮਹਾਂ ਮ੍ਰਿਤੰਜੂ ਮੰਦਰ-ਕਮਲ ਕਲਿਆਣ ਆਸਰਮ ਫ਼ਰੀਦਕੋਟ ਵਿਖੇ ਚੇਅਰਮੈਨ ਅਸ਼ੋਕ ਸੱਚਰ ਅਤੇ ਪ੍ਰਧਾਨ ਵਿਨੋਦ ਬਜਾਜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਹਰ ਵਾਰ ਦੀ ਤਰਾਂ ਦੁਸਹਿਰੇ ਦਾ ਤਿਉਹਾਰ ਪੂਰਨ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਮੀਟਿੰਗ ਦੌਰਾਨ ਚੇਅਰਮੈਨ ਅਸ਼ੋਕ ਸੱਚਰ



ਅਤੇ ਪ੍ਰਧਾਨ ਵਿਨੋਦ ਬਜਾਜ ਨੇ ਦੱਸਿਆ ਕਿ ਦੁਸਹਿਰੇ ਮੇਲੇ ਦੌਰਾਨ 'ਫ਼ਰੀਦਕੋਟ-ਰਤਨ ਐਵਾਰਡ-24' ਕਲੱਬ ਮੈਂਬਰਾਂ ਵੱਲੋਂ ਸੁਝਾਏ ਮੈਂਬਰਾਂ ਦੇ ਨਾਮਾਂ ਤੇ ਵਿਚਾਰ-ਵਿਟਾਂਦਰਾ ਕੀਤਾ ਜਾ ਰਿਹਾ ਹੈ ਤੇ ਮੈਂਬਰਾਂ ਦੀ ਸਹਿਮਤੀ ਨਾਲ ਫ਼ੈਸਲਾ ਕੀਤਾ ਜਾਵੇਗਾ। ਉਨਾਂ ਦੱਸਿਆ ਦੁਸਹਿਰੇ ਮੇਲੇ ਦੌਰਾਨ ਭਗਵਾਨ ਸ਼੍ਰੀ ਰਾਮ ਚੰਦਰ ਜੀ ਮਹਾਰਾਜ ਦੇ ਜੀਵਨ ਨਾਲ ਸਬੰਧਿਤ ਝਾਕੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣਗੀਆਂ। ਇਸ ਮੌਕੇ ਬਾਜ਼ੀਗਰਾਂ ਦੇ ਜੌਹਰ, ਮੋਟਰ ਸਈਕਲਾਂ ਦੇ ਕਰਤੱਵ, ਧੂੰਆਂ ਰਹਿਤ ਆਤਿਸ਼ਬਾਜ਼ੀ, ਪੈਰਾਗਾਇਲਾਇਡਿੰਗ ਆਕਰਸ਼ਨ ਰਹਿਣਗੇ। ਉਨਾਂ ਦੱਸਿਆ ਕਿ ਦੁਸਹਿਰੇ ਮੇਲੇ ਦੀ ਸਫ਼ਲਤਾਂ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕਰਕੇ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਉਨਾਂ ਦੱਸਿਆ ਕਿ 12 ਅਕਤੂਬਰ ਨੂੰ ਫ਼ਰੀਦਕੋਟ ਵਿਖੇ ਮਨਾਏ ਜਾਣ ਵਾਲੇ ਦੁਸਹਿਰੇ ਮੇਲੇ 'ਚ ਆਦਮਕੱਦ ਰਾਵਣ, ਕੁੰਭਕਰਣ ਅਤੇ ਮੇਘਨਾਥ ਦੇ ਬੁੱਤਾਂ ਨੂੰ ਅਗਨੀ ਭੇਂਟ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਦੁਸਹਿਰੇ ਮੇਲੇ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਨਾਲ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਮੇਲੇ ਦੇ ਪ੍ਰਬੰਧਾਂ ਦਾ ਰਿਵਿਊ ਕਰਨ ਵਾਸਤੇ ਦੂਜੀ ਮੀਟਿੰਗ 6 ਅਕਤੂਬਰ ਨੂੰ ਸਵੇਰ 9:15 ਵਜੇ ਮਹਾਂਮ੍ਰਿਤੰਜੂ ਮੰਦਰ-ਕਮਲ ਕਲਿਆਣ ਆਸ਼ਰਮ ਫ਼ਰੀਦਕੋਟ ਵਿਖੇ ਕੀਤੀ ਜਾਵੇਗੀ। ਮੀਟਿੰਗ 'ਚ ਗੁਰਜਾਪ ਸਿੰਘ ਸੇਖੋਂ, ਸ਼ਹਿਰ ਦੇ ਪ੍ਰਸਿੱਧ ਡਾ. ਬਿਮਲ ਗਰਗ, ਕਮੇਟੀ ਮੈਂਬਰ ਤਹਿਸੀਲਦਾਰ ਪ੍ਰਵੀਨ ਸੱਚਰ, ਪ੍ਰਿਤਪਾਲ ਸਿੰਘ ਕੋਹਲੀ, ਨਵਦੀਪ ਗਰਗ, ਦਵਿੰਦਰ ਸਿੰਘ ਪੰਜਾਬ ਮੋਟਰਜ਼, ਠੇਕੇਦਾਰ ਅਸ਼ੋਕ ਚਾਨਣਾ, ਰਮੇਸ਼ ਰੀਹਾਨ, ਮੈਂਬਰਾਂ 'ਚੋਂ ਹੋਟਲ ਦਾਸਤਾਨ ਦੇ ਮੈਨੇਜਿੰਗ ਡਾਇਰੈਕਟਰ ਸੁਖਬੀਰ ਸਿੰਘ ਸੱਚਦੇਵਾ, ਰਿਸ਼ੂ ਗੁਪਤਾ, ਸੁਰਿੰਦਰਪਾਲ ਸ਼ਿੰਦਾ, ਰਾਜਨ ਨਾਗਪਾਲ, ਪ੍ਰੋ.ਐਨ.ਕੇ. ਗੁਪਤਾ, ਜਤਿੰਦਰ ਗੁਪਤਾ, ਵਿਕਾਸ ਅਰੋੜਾ, ਸੁਖਬੀਰ ਸਿੰਘ ਮਾਨ ਮਰਾੜ, ਅਰਵਿੰਦਰ ਛਾਬੜਾ, ਮੋਨੂੰ ਠਾਕੁਰ, ਇੰਜ. ਮਨਦੀਪ ਸ਼ਰਮਾ, ਰਿਸ਼ੀ ਦੇਸ਼ ਰਾਜ ਸ਼ਰਮਾ, ਸੰਜੀਵ ਮਿੱਤਲ, ਮਨਪ੍ਰੀਤ ਸਿੰਘ ਬਰਾੜ, ਦਰਸ਼ਨ ਲਾਲ ਚੁੱਘ, ਚੰਦਨ ਕੱਕੜ, ਐਡਵੋਕੇਟ ਕੇਸ਼ਵ ਕਟਾਰੀਆ,ਪ੍ਰਦੀਪ ਕਟਾਰੀਆ, ਸੰਜੀਵ ਟਿੰਕੂ ਮੌਂਗਾ, ਐਡਵੋਕੇਟ ਭੁਪੇਸ਼ ਜੈਨ, ਉੱਘੇ ਕਾਰੋਬਾਰੀ ਅਸ਼ਵਨੀ ਬਾਂਸਲ, ਸ਼ਾਸ਼ਤਰੀ ਰਮੇਸ਼ ਪ੍ਰਾਸ਼ਰ, ਮੰਗਤ ਰਾਮ ਪਟਵਾਰੀ, ਗਗਨ ਟੱਕਰ, ਐਡਵੋਕੇਟ ਮਿਸਟਰ ਕਟਾਰੀਆ, ਸੁਮੀਤ ਗਰੋਵਰ, ਗੋਲਡੀ ਪੁਰਬਾ, ਦਵਿੰਦਰ ਗੋਇਲ, ਸੁਖਵਿੰਦਰ ਸਿੰਘ ਮਾਨ, ਹੈਪੀ ਗੋਇਲ, ਨਰੇਸ਼ ਤਾਇਲ, ਰਜਤ ਸੁਖੀਜਾ, ਅਮਨ ਚੌਧਰੀ,ਜਗਦੀਸ਼ ਬਾਂਬਾ, ਸਤੀਸ਼ ਬਾਂਬਾ, ਰਜਤ ਅਸੀਜਾ, ਬਲਦੇਵ ਸੱਚਦੇਵਾ, ਮੰਚ ਸੰਚਾਲਕ ਜਸਬੀਰ ਸਿੰਘ ਜੱਸੀ ਹਾਜ਼ਰ ਸਨ।

## ਦਸਮੇਸ਼ ਪਬਲਿਕ ਸਕੂਲ ਦੇ ਬੱਚਿਆਂ ਦਾ ਚਿੱਤਰਕਲਾ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ , 29 ਸਤੰਬਰ : ਬੀਤੇ ਦਿਨੀ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ ਕਰਵਾਏ ਗਏ ਚਿੱਤਰਕਲਾ ਮੁਕਾਬਲਿਆਂ 'ਚ ਸਥਾਨਕ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਦਸਮੇਸ਼ ਪਬਲਿਕ ਸਕੂਲ ਦੇ ਬੱਚਿਆਂ ਨੇ ਚਿੱਤਰਕਲਾ ਮੁਕਾਬਲਿਆਂ ਵਿੱਚ ਅਹਿਮ ਭੂਮਿਕਾ ਨਿਭਾਈ। ਜਿਸ ਵਿੱਚ ਪੰਜਵੀਂ ਜਮਾਤ ਦੀ ਦੀਤਿਆ ਗੋਇਲ ਨੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਮਾਣ ਵਧਾਇਆ। ਇਸੇ ਤਰਾਂ ਹੀ ਚੌਥੀ ਜਮਾਤ ਦੇ ਸਹਿਜਵੀਰ ਸਿੰਘ ਨੇ ਤੀਜਾ ਤੇ ਅੱਠਵੀਂ



ਜਮਾਤ ਦੀ ਖ਼ੁਸ਼ਦੀਪ ਕੌਰ ਨੇ ਪੰਜਵਾਂ ਸਥਾਨ ਹਾਸਲ ਕੀਤਾ। ਇਹਨਾਂ ਬੱਚਿਆਂ ਨੂੰ ਪ੍ਰਬੰਧਕੀ ਟੀਮ ਨੇ ਪ੍ਰਮਾਣ-ਪੱਤਰ ਤੇ ਟਰਾਫ਼ੀ ਦੇ ਕੇ ਨਿਵਾਜਿਆ। ਇਸ ਮੌਕੇ ਸਕੂਲ ਮੁਖੀ ਸੁਰਿੰਦਰ ਸਿੰਘ ਜੀ ਨੇ ਸਬੰਧਤ ਵਿਦਿਆਰਥੀਆਂ, ਕੋਆਰਡੀਨੇਟਰਜ਼ ਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਸਭ ਰਲ-ਮਿਲ ਕੇ ਮਿਹਨਤ ਕਰਦੇ ਹੋ ਤੇ ਤੁਹਾਡੀ ਮਿਹਨਤ ਰੰਗ ਲੈ ਕੇ ਆਈ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਵੀ ਆਪਣਾ ਵਧਾਈ ਸੰਦੇਸ਼ ਭੇਜ ਕੇ ਇਸ ਕਾਰਜ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਬੱਚਿਆਂ ਵਿੱਚ ਪੈਦਾ ਕੀਤਾ ਹੁਨਰ ਉਹਨਾਂ ਦੀ ਜਿੰਦਗੀ ਨੂੰ ਸੁਖਾਲਾ ਬਣਾਉਂਦਾ ਹੈ।

# ਅਮਰਪ੍ਰੀਤ ਸਿੰਘ ਭਾਰਤੀ ਹਵਾਈ ਫ਼ੌਜ ਦੇ ਨਵੇਂ ਏਅਰ ਚੀਫ਼ ਮਾਰਸ਼ਲ ਨਿਯੁਕਤ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਪੰਜਾਬੀ/ਸਿੱਖ ਬਹਾਦਰ, ਦਲੇਰ, ਮਿਹਨਤੀ, ਸਿਰੜੀ, ਦ੍ਰਿੜ੍ਹ ਇਰਾਦੇ ਵਾਲੇ ਅਤੇ ਦੇਸ਼ ਭਗਤ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਸਮੇਂ ਅਤੇ ਦੇਸ਼ ਦੀਆਂ ਸਰਹੱਦਾਂ ਤੇ ਕੁਰਬਾਨੀਆਂ ਦੇਣ ਵਾਲੇ ਵੀ ਬਹੁਤੇ ਪੰਜਾਬੀ/ਸਿੱਖ ਹੀ ਹੁੰਦੇ ਹਨ। ਪੰਜਾਬੀਆਂ/ਸਿੱਖਾਂ ਨੂੰ ਦੇਸ਼ ਵਿੱਚ ਬਹੁਤ ਹੀ ਸਿਵਲ ਅਤੇ ਫ਼ੌਜ ਵਿੱਚ ਮਹੱਤਵਪੂਰਨ ਅਹੁਦਿਆਂ ਤੇ ਸੇਵਾ ਕਰਨ ਦਾ ਮਾਣ ਜਾਂਦਾ ਹੈ। ਫ਼ੌਜ ਵਿੱਚ ਸੇਵਾ ਨਿਭਾਉਣੀ ਪੰਜਾਬੀਆਂ/ਸਿੱਖਾਂ ਦਾ ਮਨਭਾਉਂਦਾ ਸ਼ੌਕ ਹੈ। ਦੇਸ਼ ਦੀ ਪ੍ਰਭੁਸਤਾ ਬਰਕਰਾਰ ਰੱਖਣਾ ਉਹ ਆਪਣਾ ਫ਼ਰਜ਼ ਸਮਝਦੇ ਹਨ। ਭਾਰਤੀ ਫ਼ੌਜ ਦੇ ਮੁੱਖੀ ਬਣਨ ਦਾ ਮਾਣ ਵੀ ਪੰਜਾਬੀਆਂ/ਸਿੱਖਾਂ ਨੂੰ ਮਿਲਦਾ ਰਿਹਾ ਹੈ। ਭਾਰਤੀ ਹਵਾਈ ਫ਼ੌਜ ਦੇ ਮੁੱਖੀ ਏਅਰ ਚੀਫ਼ ਮਾਰਸ਼ਲ ਦੇ ਵਕਾਰੀ ਅਹੁਦੇ 'ਤੇ ਪਹਿਲਾਂ ਵੀ ਤਿੰਨ ਪੰਜਾਬੀ/ਸਿੱਖ ਅਧਿਕਾਰੀ ਏਅਰ ਮਾਰਸ਼ਲ ਅਰਜਨ ਸਿੰਘ, ਏਅਰ ਮਾਰਸ਼ਲ ਦਿਲਬਾਗ ਸਿੰਘ ਅਤੇ ਏਅਰ ਮਾਰਸ਼ਲ ਬੀਰੇਂਦਰ ਸਿੰਘ ਧਨੋਆ ਰਹੇ ਹਨ। ਪੰਜਾਬੀਆਂ/ਸਿੱਖਾਂ ਵਿੱਚੋਂ ਅਮਰਪ੍ਰੀਤ ਸਿੰਘ ਚੌਥੇ ਅਤੇ ਦੇਸ਼ ਦੇ 47ਵੇਂ ਏਅਰ ਚੀਫ਼ ਮਾਰਸ਼ਲ ਹਨ। ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਪੰਜ ਸਟਾਰ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਫ਼ੌਜ ਦੇ ਇੱਕੋ-ਇੱਕ ਅਧਿਕਾਰੀ ਹਨ। ਇਸ ਤੋਂ ਇਲਾਵਾ ਜਨਰਲ ਜੋਗਿੰਦਰ ਜਸਵੰਤ ਸਿੰਘ (ਜੇ.ਜੇ.ਸਿੰਘ), ਜਨਰਲ ਬਿਕਰਮ ਸਿੰਘ ਅਤੇ ਜਨਰਲ ਦਲਵੀਰ ਸਿੰਘ ਸੁਹਾਗ ਵੀ ਆਰਮੀ ਦੇ ਮੁੱਖੀ ਜਨਰਲ ਰਹੇ ਹਨ। ਲੈਫ਼ਟੀਨੈਂਟ ਜਨਰਲ ਵੀ ਬਹੁਤ ਸਾਰੇ ਪੰਜਾਬੀ/ਸਿੱਖ ਹੋਏ ਹਨ। ਅਮਰਪ੍ਰੀਤ ਸਿੰਘ ਦਾ ਆਪਣੀ ਏਅਰ ਫੋਰਸ ਦੀ ਨੌਕਰੀ ਦੌਰਾਨ ਬਿਹਤਰੀਨ ਯੋਗਦਾਨ ਰਿਹਾ। ਇਸ ਲਈ ਬਿਹਤਰੀਨ ਸੇਵਾਵਾਂ ਕਰਕੇ ਉਨ੍ਹਾਂ ਨੂੰ 2019 ਵਿੱਚ ਪਰਮ ਵਸ਼ਿਸ਼ਟ ਸੇਵਾ ਮੈਡਲ ਅਤੇ 2023 ਵਿੱਚ ਅਤੀ ਵਸ਼ਿਸ਼ਟ ਸੇਵਾ ਮੈਡਲ ਮਿਲੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਮਾਨਿਆ ਸੇਵਾ ਮੈਡਲ, ਸੈਨਿਆ ਸੇਵਾ ਮੈਡਲ ਅਤੇ 50ਵਾਂ ਇਨਡੀਪੈਂਡੈਂਸ ਮੈਡਲ ਮਿਲੇ ਹੋਏ ਹਨ। ਉਹ ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ ਦੀ 30 ਸਤੰਬਰ ਨੂੰ ਹੋਣ ਵਾਲੀ ਦੀ ਸੇਵਾ ਮੁਕਤੀ ਤੋਂ ਬਾਅਦ ਸੰਸਾਰ ਦੀ ਚੌਥੀ ਸਭ ਤੋਂ ਵੱਡੀ ਏਅਰ ਫ਼ੋਰਸ ਦੀ ਕਮਾਂਡ ਸੰਭਾਲਣਗੇ। ਉਨ੍ਹਾਂ ਦੀ ਇਸ ਸਨਮਾਨ ਯੋਗ ਅਹੁਦੇ 'ਤੇ ਨਿਯੁਕਤੀ ਪੰਜਾਬੀਆਂ/ਸਿੱਖਾਂ ਲਈ ਮਾਣ ਵਾਲੀ ਗੱਲ ਹੈ। ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਨੂੰ ਫਰਵਰੀ 2023 ਵਿੱਚ ਵਾਈਸ ਏਅਰ ਚੀਫ਼ ਮਾਰਸ਼ਲ ਬਣਾਇਆ ਗਿਆ ਸੀ। ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਅਜਿਹੇ ਨਾਜ਼ੁਕ ਸਮੇਂ ਏਅਰ ਚੀਫ ਮਾਰਸ਼ਲ ਦਾ ਅਹੁਦਾ ਸੰਭਾਲਣ ਜਾ ਰਹੇ ਹਨ, ਜਦੋਂ ਆਧੁਨਿਕ ਸਮੇਂ ਦੀ ਲੋੜ ਅਨੁਸਾਰ ਏਅਰ ਫੋਰਸ ਦੀ ਮਾਡਰਨਾਈਜੇਸ਼ਨ ਕਰਨ ਦੀ ਅਤਿਅੰਤ ਲੋੜ ਹੈ। ਉਹ ਆਪਣੀ ਅਗਵਾਈ ਅਧੀਨ ਹਵਾਈ ਫ਼ੌਜ ਦੀ ਰਣਨੀਤੀ ਤਿਆਰ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਕੇ ਹਵਾਈ ਫ਼ੌਜ ਦੀ ਕਾਰਗੁਜ਼ਾਰੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦੀ ਸਮਰੱਥਾ ਰੱਖਣ ਵਾਲੇ ਮਾਹਿਰ ਏਅਰ ਮਾਰਸ਼ਲ ਹਨ। ਇੱਕ ਕਿਸਮ ਨਾਲ ਏਅਰ ਚੀਫ਼ ਮਾਰਸ਼ਲ ਅਮਰਪ੍ਰੀਤ ਸਿੰਘ ਲਈ ਵੰਗਾਰ ਦਾ ਸਮਾਂ ਹੈ ਕਿਉਂਕਿ ਐਲ ਸੀ ਏ, ਐਸ ਕੇ-1ਏ (ਅਡਵਾਂਸ ਵੇਰੀਐਂਟ ਆਫ ਦਾ ਐਮ ਕੇ ਕਰਾਫਟ) ਟੈਸਟਿੰਗ ਪ੍ਰੋਗਰਾਮ ਵਿੱਚ ਦੇਰੀ ਹੋ ਗਈ ਹੈ। ਇੰਡੀਅਨ ਏਅਰ ਫੋਰਸ ਨੂੰ ਚਿੰਤਾ ਹੈ ਕਿ ਇਸ ਦੇ ਕੰਬੈਟ ਇਫੈਕਟਿਵਨੈਸ ਵਿੱਚ ਰਿਸਕ ਹੋ ਸਕਦਾ ਹੈ। ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਸੁਲਝੇ ਹੋਏ ਤਜਰਬੇਕਾਰ ਫਾਈਟਰ ਪਾਇਲਟ ਹਨ, ਇਸ ਲਈ ਉਹ ਮੌਕੇ ਦੀ ਨਜ਼ਾਕਤ ਅਨੁਸਾਰ ਕਦਮ ਚੁੱਕਣਗੇ। ਇਹ ਸਮਾਂ ਉਨ੍ਹਾਂ ਲਈ ਆਪਣੀ ਕਾਬਲੀਅਤ ਦਾ ਪ੍ਰਗਟਾਵਾ ਕਰਨ ਦਾ ਸੁਨਹਿਰੀ ਮੌਕਾ ਹੈ। ਉਨ੍ਹਾਂ ਦਾ ਫਿਕਸਡ ਰੋਟਰੀ ਵਿੰਗ ਏਅਰ ਕਰਾਫਟ ਤੇ ਕਈ ਤਰ੍ਹਾਂ ਦੇ ਲੜਾਕੂ ਜ਼ਹਾਜਾਂ ਨੂੰ 5000 ਘੰਟੇ ਤੋਂ ਵੱਧ ਸਮਾਂ ਉਡਾਉਣ ਦਾ ਤਜ਼ਰਬਾ ਵੀ ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਦੀ ਕਾਰਜ਼ਕੁਸ਼ਲਾ ਦਾ ਇੱਕ ਨਮੂਨਾ ਹੈ। ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਦਾ 38 ਸਾਲ ਦਾ ਬਿਹਤਰੀਨ ਫਲਾਈਂਗ ਕੈਰੀਅਰ ਹੈ। ਇਸ ਤੋਂ ਪਹਿਲਾਂ ਉਹ ਪ੍ਰਯਾਗਰਾਜ ਵਿੱਚ ਕੇਂਦਰੀ ਹਵਾਈ ਕਮਾਨ ਦੇ ਏਅਰ ਅਫ਼ਸਰ ਕਮਾਂਡਿੰਗ-ਇਨ-ਚੀਫ਼ ਸਨ। ਉਨ੍ਹਾਂ ਦਾ ਹਵਾਈ ਫ਼ੌਜ ਦਾ ਕੈਰੀਅਰ 21 ਦਸੰਬਰ 1984 ਨੂੰ ਸ਼ੁਰੂ ਹੋਇਆ ਸੀ, ਜਦੋਂ ਉਨ੍ਹਾਂ ਨੂੰ ਕਮਿਸ਼ਨ ਮਿਲਿਆ। ਉਸ ਤੋਂ ਬਾਅਦ ਉਹ ਆਪਣੀ ਯੋਗਤਾ ਕਰਕੇ ਲਗਾਤਾਰ ਤਰੱਕੀਆਂ ਪ੍ਰਾਪਤ ਕਰਦੇ ਰਹੇ ਹਨ। ਉਹ 21 ਦਸੰਬਰ 1985 ਨੂੰ ਫਲਾਇੰਗ ਆਫ਼ੀਸਰ ਅਤੇ 4 ਸਾਲ ਬਾਅਦ 21 ਦਸੰਬਰ 1989 ਨੂੰ ਫਲਾਈਟ ਲੈਫਟੀਨੈਂਟ, 21 ਦਸੰਬਰ 1995 ਨੂੰ ਸਕੁਐਡਰਨ ਲੀਡਰ, 14 ਮਈ 2001 ਨੂੰ ਵਿੰਗ ਕਮਾਂਡਰ, 5 ਨਵੰਬਰ 2007 ਨੂੰ ਗਰੁਪ ਕੈਪਟਨ, 30 ਦਸੰਬਰ 2010 ਨੂੰ ਐਕਟਿੰਗ ਤੇ 1 ਅਪ੍ਰੈਲ 2011 ਨੂੰ ਏਅਰ ਕਮੋਡੋਰ, 1 ਅਗਸਤ 2016 ਨੂੰ ਏਅਰ ਵਾਈਸ ਮਾਰਸ਼ਲ, 1 ਫਰਵਰੀ 2021 ਨੂੰ ਏਅਰ ਮਾਰਸ਼ਲ ਅਤੇ 30 ਸਤੰਬਰ 2024 ਨੂੰ ਬਾਅਦ ਦੁਪਹਿਰ ਏਅਰ ਚੀਫ਼ ਮਾਰਸ਼ਲ ਦਾ ਵਕਾਰੀ ਅਹੁਦਾ ਸੰਭਾਲਣ ਜਾ ਰਹੇ ਹਨ। ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਨੂੰ ਮਾਣ ਜਾਂਦਾ ਹੈ ਕਿ ਉਨ੍ਹਾਂ ਨੇ ਬਹੁਤ ਸਾਰੀਆਂ ਮਹੱਤਵਪੂਰਨ ਵੰਗਾਰ ਵਾਲੀਆਂ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਂਦਿਆਂ ਹਮੇਸ਼ਾ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਆਪਣੇ ਕੈਰੀਅਰ ਦੌਰਾਨ ਇੱਕ ਆਪ੍ਰੇਸ਼ਨਲ ਫਾਈਟਰ ਸਕੁਐਡਰਨ ਅਤੇ ਇੱਕ ਫਰੰਟ ਲਾਈਨ ਏਅਰ ਬੇਸ ਦੀ ਕਮਾਨ ਸੰਭਾਲੀ ਹੈ। ਇੱਕ ਪ੍ਰੀਖਣ ਪਾਇਲਟ ਦੇ ਰੂਪ ਵਿੱਚ ਉਨ੍ਹਾਂ ਨੇ ਮਾਸਕੋ ਵਿੱਚ ਮਿਗ-29 ਫਾਈਟਰ ਅਪਗ੍ਰੇਡ ਪ੍ਰਾਜੈਕਟ ਪ੍ਰਬੰਧਨ ਟੀਮ ਦੀ ਅਗਵਾਈ ਕੀਤੀ। ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਵੀ ਕਈ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਬਾਖ਼ੂਬੀ ਨਾਲ ਨਿਭਾਇਆ ਹੈ। ਉਹ ਸਵਦੇਸ਼ੀ ਤੇਜਸ ਲਾਈਟ ਕੰਬੈਟ ਏਅਰ ਕ੍ਰਾਫ਼ਟ ਦੇ ਪ੍ਰਾਜੈਕਟ ਡਾਇਰੈਕਟਰ (ਫਲਾਈਟ ਟੈਸਟ) ਵੀ ਸਨ। ਅਮਰਪ੍ਰੀਤ ਸਿੰਘ ਨੂੰ ਸਵਦੇਸ਼ੀ ਤੇਜਸ ਜਹਾਜ ਨੂੰ ਉਡਾਉਣ ਦਾ ਵੀ ਮਾਣ ਜਾਂਦਾ ਹੈ। ਉਹ ਸੀਨੀਅਰ ਏਅਰ ਸਟਾਫ ਆਫੀਸਰ ਈਸਟਰਨ ਏਅਰ ਕਮਾਂਡ ਅਤੇ ਏਅਰ ਡਿਫੈਂਸ ਕਮਾਂਡਰ ਸਾਊਥ ਵੈਸਟਰਨ ਵਿਖੇ ਰਹੇ ਹਨ। ਉਹ ਏਅਰ ਕਮਾਂਡ ਕੁਆਲੀਫਾਈਡ ਫਲਾਇੰਗ ਇਨਸਟਰਕਟਰ ਅਤੇ ਤਜਰਬੇਕਾਰ ਪਾਇਲਟ ਹਨ। ਵਿੰਗ ਕਮਾਂਡਰ ਹੁੰਦਿਆਂ ਉਨ੍ਹਾਂ ਨੇ 2 ਏਅਰ ਡਿਫੈਂਸ ਕੰਟਰੋਲ ਸੈਂਟਰ ਦੀ 22 ਸਕੁਐਡਰਨ ਦੀ ਅਗਵਾਈ ਕੀਤੀ ਹੈ। ਵਾਈਸ ਏਅਰ ਮਾਰਸ਼ਲ ਦੀ ਤਰੱਕੀ ਤੋਂ ਬਾਅਦ ਉਨ੍ਹਾਂ ਬਤੌਰ ਪ੍ਰਾਜੈਕਟ ਡਾਇਰੈਕਟਰ ਨੈਸ਼ਨਲ ਫਲਾਈਟ ਟੈਸਟ ਸੈਂਟਰ, ਐਰੋਨਾਟੀਕਲ ਡਿਵੈਲਪਮੈਂਟ ਏਜੰਸੀ ਅਤੇ ਏਅਰ ਆਫੀਸਰ ਕਮਾਂਡਿੰਗ ਆਫ 2 ਏਅਰ ਡੀਫੈਂਸ ਕੰਟਰੋਲ ਸੈਂਟਰ ਗਾਂਧੀਨਗਰ ਦੀ ਅਗਵਾਈ ਕੀਤੀ ਹੈ। ਏਅਰ ਮਾਰਸ਼ਲ ਬਣਨ ਤੋਂ ਬਾਅਦ ਉਨ੍ਹਾਂ ਨੂੰ ਸੀਨੀਅਰ ਸਟਾਫ ਆਫੀਸਰ ਆਫ ਈਸਟਰਨ ਏਅਰ ਕਮਾਂਡ ਸੀਲੌਂਗ ਨਿਯੁਕਤ ਕੀਤਾ ਗਿਆ। 1 ਜੁਲਾਈ 2022 ਨੂੰ ਉਨ੍ਹਾਂ ਨੇ ਏਅਰ ਆਫੀਸਰ ਕਮਾਂਡਿੰਗ-ਇਨ-ਚੀਫ ਸੈਂਟਰਲ ਏਅਰ ਕਮਾਂਡ ਦਾ ਅਹੁਦਾ ਏਅਰ ਮਾਰਸ਼ਲ ਰਿਚਰਡ ਜੌਹਨ ਡਕਵਰਥ ਤੋਂ ਬਾਅਦ ਸੰਭਾਲਿਆ। ਵਾਈਸ ਚੀਫ਼ ਏਅਰ ਸਟਾਫ ਹੁੰਦੇ ਹੋਏ ਮਲਟੀਨੈਸ਼ਨਲ ਏਅਰ ਐਕਸਰਸਾਈਜ ਤਰੰਗ ਸ਼ਕਤੀ ਦੇ ਮੌਕੇ ਤੇ ਮੋਹਰੀ ਦੀ ਭੂਮਿਕਾ ਨਿਭਾਈ। ਚੀਨ ਦੀ ਸਰਹੱਦ 'ਤੇ ਤਣਾਅ ਦੀ ਸਥਿਤੀ ਸਮੇਂ ਅਰੁਣਾਚਲ ਦੇ ਨੇੜੇ ਭਾਰਤੀ ਸਰਹੱਦ 'ਤੇ ਜੋ ਭਾਰਤੀ ਹਵਾਈ ਜਹਾਜ ਤਾਇਨਾਤ ਕੀਤੇ ਗਏ ਉਨ੍ਹਾਂ ਦੀ ਅਗਵਾਈ ਅਮਰਪ੍ਰੀਤ ਸਿੰਘ ਕਰਦੇ ਰਹੇ। ਹਰ ਨਾਜ਼ਕ ਸਥਿਤੀ ਮੌਕੇ ਉਨ੍ਹਾਂ ਨੇ ਬਾਖ਼ੂਬੀ ਆਪਣੇ ਫ਼ਰਜ ਨਿਭਾਏ। ਉਹ ਸ਼ਾਂਤੀ ਜਾਂ ਯੁਧ ਦੀ ਸਥਿਤੀ ਵਿੱਚ ਰਣਨੀਤੀ ਤਿਆਰ ਕਰਨ ਦੇ ਵੀ ਮਾਹਿਰ ਗਿਣੇ ਜਾਂਦੇ ਹਨ।

ਅਮਰਪ੍ਰੀਤ ਸਿੰਘ ਦਾ ਜਨਮ 27 ਅਕਤੂਰ 1964 ਨੂੰ ਹੋਇਆ ਸੀ। ਉਨ੍ਹਾਂ ਨੇ ਆਪਣੀ ਮੁਢਲੀ ਪੜ੍ਹਾਈ ਐਸ.ਬੀ.ਐਮ ਸਕੂਲ ਦਿੱਲੀ ਤੋਂ ਕੀਤੀ ਸੀ। ਉਹ ਆਪਣੀ ਪੜ੍ਹਾਈ ਵਿੱਚ ਸੰਜੀਦਾ ਤੇ ਹੁਸ਼ਿਆਰ ਵਿਦਿਆਰਥੀਆਂ ਵਿੱਚ ਗਿਣੇ ਜਾਂਦੇ ਸਨ। ਸਕੂਲ ਦੀ ਪੜ੍ਹਾਈ ਤੋਂ ਬਾਅਦ ਉਹ ਏਅਰ ਫੋਰਸ ਦੀ ਫਾਈਟਰ ਪਾਇਲਟ ਸਟਰੀਮ ਵਿੱਚ ਭਰਤੀ ਹੋ ਗਏ। ਉਸ ਤੋਂ ਬਾਅਦ ਉਨ੍ਹਾਂ ਨੈਸ਼ਨਲ ਡਿਫੈਂਸ ਅਕਾਡਮੀ ਖੜਕਵਾਸਲਾ, ਏਅਰ ਫੋਰਸ ਅਕਾਡਮੀ ਡੂੰਡੀਗਲ, ਡਿਫ਼ੈਸ ਸਰਵਿਸਜ ਸਟਾਫ ਕਾਲਜ ਵਟ੍ਲੰਗਟਨ ਅਤੇ ਨੈਸ਼ਨਲ ਡਿਫੈਸ ਕਾਲਜ ਦਿੱਲੀ ਤੋਂ ਵੀ ਸਿਖਿਆ ਪ੍ਰਾਪਤ ਕੀਤੀ। ਅਮਰਪ੍ਰੀਤ ਸਿੰਘ ਦਾ ਵਿਆਹ ਸਰੀਤਾ ਸਿੰਘ ਨਾਲ ਹੋਇਆ । ਉਨ੍ਹਾਂ ਦੇ ਇੱਕ ਲੜਕਾ ਅਤੇ ਲੜਕੀ ਹੈ।

ਤਸਵੀਰ: ਏਅਰ ਚੀਫ਼ ਮਾਰਸ਼ਲ ਅਮਰਪ੍ਰੀਤ ਸਿੰਘ

# ਲੋਕ -ਹਿੱਤਾਂ ਅਤੇ ਸਮਾਜਿਕ ਜਾਗਰੂਕਤਾ ਦਾ ਕਾਵਿਕ ਪ੍ਰਤੀਕਰਮ ਮਹਿੰਦਰ ਸਿੰਘ ਮਾਨ ਦਾ ਕਾਵਿ ਸੰਗ੍ਰਹਿ 'ਜ਼ਿੰਦਗੀ ਦੀ ਪੂੰਜੀ'




ਵਰਲਡ ਪੰਜਾਬੀ ਟਾਈਮਜ਼
ਡਾਕਟਰ ਸਰਦੂਲ ਸਿੰਘ ਔਜਲਾ

ਮਹਿੰਦਰ ਸਿੰਘ ਮਾਨ ਨਾਲ ਮੇਰੀ ਜਾਣ-ਪਹਿਚਾਣ ਉਸ ਦੀ ਕਵਿਤਾ ਦੇ ਜ਼ਰੀਏ ਹੀ ਹੋਈ ਕਿਉਂ ਕਿ ਉਸ ਦੀਆਂ ਕਵਿਤਾਵਾਂ ਨਿਰੰਤਰ ਅਖਬਾਰਾਂ ਅਤੇ ਸਾਹਿਤਕ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। 'ਜ਼ਿੰਦਗੀ ਦੀ ਪੂੰਜੀ' ਕਾਵਿ ਸੰਗ੍ਰਹਿ ਵੀ ਉਸ ਦੀ ਨਿਰੰਤਰ ਸਾਹਿਤ-ਸਾਧਨਾ ਦਾ ਹੀ ਪ੍ਰਤੀਕ ਹੈ। ਇਸ ਕਾਵਿ ਸੰਗ੍ਰਹਿ ਤੋਂ ਪਹਿਲਾਂ ਉਹ 'ਚੜ੍ਹਿਆ ਸੂਰਜ', 'ਫੁੱਲ ਅਤੇ ਖ਼ਾਰ', 'ਸੂਰਜ ਦੀਆਂ ਕਿਰਨਾਂ', 'ਖ਼ਜ਼ਾਨਾ', 'ਸੂਰਜ ਹਾਲੇ ਡੁੱਬਿਆ ਨਹੀਂ ' ਸਾਰੇ ਕਾਵਿ ਸੰਗ੍ਰਹਿ ਅਤੇ 'ਮਘਦਾ ਸੂਰਜ' ਗ਼ਜ਼ਲ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਨਜ਼ਰ ਕਰ ਚੁੱਕਾ ਹੈ। ਜਦੋਂ ਅਸੀਂ ਉਸ ਦੀ ਕਵਿਤਾ ਬਾਰੇ ਗੱਲ ਕਰਦੇ ਹਾਂ ਤਾਂ ਇਹ ਤੱਥ ਸਾਮ੍ਹਣੇ ਆਉਂਦਾ ਹੈ ਕਿ ਉਸ ਦੀ ਕਵਿਤਾ ਅਸਲ ਵਿੱਚ ਲੋਕਾਂ ਦੀ ਭਾਸ਼ਾ ਵਿੱਚ ਲੋਕਾਂ ਲਈ ਲਿਖੀ ਹੋਈ ਹੈ। ਇਹ ਉਹ ਲੋਕ ਹਨ ਜੋ ਜ਼ਿੰਦਗੀ ਜਿਉਣ ਲਈ ਤੰਗੀਆਂ-ਤੁਰਸ਼ੀਆਂ ਝੱਲਦੇ ਹੋਏ ਸੰਘਰਸ਼ ਕਰਦੇ ਹਨ ਪਰ ਸਿਦਕਦਿਲੀ ਅਤੇ ਜ਼ਿੰਦਾਦਿਲੀ ਦਾ ਪੱਲਾ ਨਹੀਂ ਛੱਡਦੇ। ਉਹ ਅਜਿਹੇ ਸੰਘਰਸ਼ਸ਼ੀਲ ਲੋਕਾਂ ਦੀ ਜੀਵਨ ਤੋਰ, ਦੁੱਖਾਂ-ਸੁੱਖਾਂ, ਖੁਸ਼ੀਆਂ-ਗਮੀਆਂ ਨੂੰ ਆਪਣੀ ਕਵਿਤਾ ਵਿੱਚ ਬਾਖੂਬੀ ਪੇਸ਼ ਕਰਦਾ ਹੈ। ਇਕ ਪਾਸੇ ਪੈਸਾਵਾਦੀ ਬਿਰਤੀ ਵਾਲੇ ਧਨਾਢ ਲੋਕ ਹਨ ਅਤੇ ਦੂਜੇ ਪਾਸੇ ਰੋਟੀ ਲਈ ਮੁਥਾਜ ਕਾਮਾ ਹੈ। ਭਾਵੇਂ ਕਿ ਸਮਾਜਿਕ ਪਾੜੇ ਬਾਰੇ ਉਸ ਦੀ ਕਵਿਤਾ ਵਿੱਚ ਬਹੁਤ ਜ਼ਿਕਰ ਮਿਲਦਾ ਹੈ ਪਰ ਕੁਦਰਤੀ ਸਾਧਨਾਂ ਦੀ ਬਰਬਾਦੀ ਅਤੇ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਅਤੇ ਅਵੇਸਲਾਪਨ ਵੀ ਅਜੋਕੀ ਜ਼ਿੰਦਗੀ ਦੀ ਤੋਰ ਨੂੰ ਲੀਹੋਂ ਲਾਹੁਣ ਦਾ ਕੰਮ ਕਰ ਰਿਹਾ ਹੈ ਪਰ ਮਹਿੰਦਰ ਸਿੰਘ ਮਾਨ ਲੋਕਾਂ ਨੂੰ ਇਸ ਕਾਰਜ ਲਈ ਵੀ ਜਾਗਰੂਕ ਕਰਦਾ ਹੈ ਕਿ ਕੁਦਰਤੀ ਸੋਮੇ ਬਚਾਉਣਾ ਵੀ ਅੱਜ ਦਾ ਸੰਘਰਸ਼ ਹੀ ਹੈ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਗਰੀਬ ਲੋਕ ਮਹਿੰਗਾਈ ਦੀ ਅਤੇ ਕੁਦਰਤੀ ਸਾਧਨਾਂ ਦੀ ਥੋੜ੍ਹ ਦੀ ਮਾਰ ਹੋਰ ਝੱਲਣਗੇ ਜਿਵੇਂ ਉਹ ਪਾਣੀ ਨੂੰ ਬਰਬਾਦ ਕਰਨ ਤੋਂ ਰੋਕਣ ਲਈ ਲਿਖਦਾ ਹੈ:-

ਜੇ ਧਰਤੀ ਹੇਠੋਂ ਯਾਰੋ, ਮੁੱਕ ਗਿਆ ਪਾਣੀ,
ਬਚਣਾ ਨਾ ਫਿਰ ਇੱਥੇ ਕੋਈ ਜੀਵਤ ਪ੍ਰਾਣੀ।
ਪਾਣੀ ਬਿਨਾਂ ਦਿਸਣੇ ਨਾ ਹਰੇ,ਭਰੇ ਰੁੱਖ,
ਜਿਹੜੇ ਮਨੁੱਖ ਨੂੰ ਦਿੰਦੇ ਨੇ ਯਾਰੋ,ਸੌ ਸੁੱਖ।

ਅਸਲ ਵਿੱਚ ਮਹਿੰਦਰ ਸਿੰਘ ਮਾਨ ਦੀ ਕਵਿਤਾ ਮਾਨਵੀ ਕਦਰਾਂ -ਕੀਮਤਾਂ ਦੀ ਕਵਿਤਾ ਹੈ ਜਿਹੜੀ ਸਮਾਜ, ਪਰਿਵਾਰ ਵਿੱਚ ਸਦਭਾਵਨਾ ਦੀ ਤਰਜਮਾਨੀ ਦੀ ਤਲਬਗਾਰ ਹੈ। ਉਹ ਚਾਹੁੰਦਾ ਹੈ ਕਿ ਸਮਾਜ ਵਿੱਚ ਸੁੱਖ-ਸ਼ਾਂਤੀ ਅਤੇ ਇਤਫਾਕ ਦੀ ਸਥਿਤੀ ਹਮੇਸ਼ਾ ਹੀ ਬਣੀ ਰਹੇ। ਇਹ ਸਥਿਤੀ ਤਾਂ ਹੀ ਬਣੇਗੀ ਜੇ ਕਰ ਮਨੁੱਖ ਆਪਣੇ ਆਲੇ-ਦੁਆਲੇ ਪ੍ਰਤੀ ਸ਼ੁਭ ਇੱਛਾ ਦੀ ਭਾਵਨਾ ਰੱਖੇਗਾ। ਝੂਠ, ਫਰੇਬ, ਠੱਗੀ, ਚੋਰੀ, ਭ੍ਰਿਸ਼ਟਾਚਾਰ ਸਮਾਜਿਕ ਕਦਰਾਂ- ਕੀਮਤਾਂ ਦੇ ਖੋਰੇ ਵਿੱਚ ਵਾਧਾ ਕਰਦੇ ਹਨ ਪਰ ਮਿਲਵਰਤਨ, ਪ੍ਰੇਮ ਭਾਵਨਾ ਅਤੇ ਰਿਸ਼ਤਿਆਂ ਵਿਚਲੀ ਅਪਣੱਤ ਸਮਾਜ ਦੀ ਤਰੱਕੀ ਦੀ ਚੂਲ ਵੀ ਬਣਦੀ ਹੈ। ਜਿਵੇਂ ਉਹ ਲਿਖਦਾ ਹੈ:-

ਝੂਠਿਆਂ ਤੋਂ ਦੂਰ ਰਹੋ ਸਦਾ ਹੀ,
ਸੱਚਿਆਂ ਦਾ ਸਾਥ ਨਿਭਾਣਾ ਸਿੱਖੋ।
ਵੱਡੇ ਹੁੰਦੇ ਗੁਣਾਂ ਦੀ ਗੁਥਲੀ,
ਇਨ੍ਹਾਂ ਤੋਂ ਕੁੱਝ ਪਾਣਾ ਸਿੱਖੋ।
ਨਸ਼ੇ ਕਰਦੇ ਭਵਿੱਖ ਖਰਾਬ,
ਇਨ੍ਹਾਂ ਤੋਂ ਦੂਰ ਜਾਣਾ ਸਿੱਖੋ।


ਕਵੀ ਨੂੰ ਇਹ ਵੀ ਚਿੰਤਾ ਹੈ ਕਿ ਦੇਸ਼ ਦਾ ਰਾਜਨੀਤਕ ਵਾਤਾਵਰਨ ਵੀ ਗੰਧਲਾ ਹੋ ਚੁੱਕਾ ਹੈ। ਜੇ ਕਰ ਰਾਜ ਨੇਤਾ ਹੀ ਭ੍ਰਿਸ਼ਟਾਚਾਰੀ ਹੋਣਗੇ ਤਾਂ ਦੇਸ਼ ਦਾ ਭਵਿੱਖ ਸੁਨਹਿਰਾ ਕਿਵੇਂ ਹੋਵੇਗਾ? ਕਵੀ ਸੁਚੇਤ ਕਰਦਾ ਹੈ ਵੋਟਾਂ ਦੌਰਾਨ ਨੇਤਾ ਆਪਣੀ ਮਿੱਠੀ ਅਤੇ ਦੋਗਲੀ ਭਾਸ਼ਾ ਨਾਲ ਭੋਲੇ- ਭਾਲੇ ਲੋਕਾਂ ਕੋਲੋਂ ਵੋਟਾਂ ਬਟੋਰ ਲੈਂਦੇ ਹਨ ਪਰ ਬਾਅਦ ਵਿੱਚ ਉਨ੍ਹਾਂ ਦੀ ਬਾਂਹ ਨਹੀਂ ਫੜਦੇ। ਉਹ ਲੀਡਰਾਂ ਦੇ ਦੋਗਲੇਪਣ ਨੂੰ ਕੁਝ ਇਸ ਤਰ੍ਹਾਂ ਕਾਵਿਕ ਜ਼ੁਬਾਨ ਦਿੰਦਾ ਹੈ:-

ਨਵੇਂ ਹਸਪਤਾਲ ਖੋਲ੍ਹਣ ਦੀ ਗੱਲ ਨਹੀਂ ਕਰਨਗੇ,
ਯੁਵਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਨਹੀਂ ਕਰਨਗੇ।
ਆਟਾ, ਦਾਲ ਤੇ ਫਰੀ ਬਿਜਲੀ ਲੋਕਾਂ ਨੂੰ ਦੇਣਗੇ,
ਉਨ੍ਹਾਂ ਨੂੰ ਅੱਗੇ ਵੱਧਣ ਬਾਰੇ ਸੋਚਣ ਤੇ ਰੋਕ ਲਾ ਦੇਣਗੇ।* ਲੋਕ ਸਭਾ ਦੀਆਂ ਵੋਟਾਂ ਪੈਣ ਦਾ ਜਦ ਤੋਂ ਹੋਇਆ ਏ ਐਲਾਨ ਬੇਲੀ, ਸਾਰੀਆਂ ਪਾਰਟੀਆਂ ਦੇ ਲੀਡਰਾਂ ਨੇ ਕਵੱਲੀ ਕੱਢ ਲਈ ਏ ਬਾਹਰ ਜ਼ਬਾਨ ਬੇਲੀ।*
ਪੰਜਾਂ ਸਾਲਾਂ ਪਿੱਛੋਂ ਆਵਣ ਵੋਟਾਂ,
ਗਲੀ ਗਲੀ ਫਿਰਾਵਣ ਵੋਟਾਂ।
ਕਿਸੇ ਨੂੰ ਭਾਅ ਜੀ,ਕਿਸੇ ਨੂੰ ਭੈਣ ਜੀ,
ਕਿਸੇ ਨੂੰ ਮਾਤਾ ਜੀ ਕਹਾਵਣ ਵੋਟਾਂ।* ਕਵੀ ਸਮਾਜ ਨੂੰ ਸਵੱਸਥ ਕਦਰਾਂ -ਕੀਮਤਾਂ ਦੇਣ ਦਾ ਹਾਮੀ ਹੈ। ਉਹ ਆਪਣੀ ਕਵਿਤਾ ਵਿੱਚ ਲੋਕਾਂ ਨੂੰ ਤਾਕੀਦ ਕਰਦਾ ਹੈ :ਮਾੜੀ ਸੰਗਤ ਅਤੇ ਨਸ਼ਿਆਂ ਤੋਂ ਛੁਟਕਾਰਾ ਹੀ ਚੰਗੀ ਸੋਚ ਪੈਦਾ ਕਰ ਸਕਦਾ ਹੈ। ਅਸਲ ਵਿੱਚ ਮਨੁੱਖੀ ਦਿਮਾਗ਼ ਹੀ ਸਭ ਬੁਰਾਈਆਂ ਅਤੇ ਚੰਗਿਆਈਆਂ ਦਾ ਕਾਰਖਾਨਾ ਹੈ। ਜੇ ਕਰ ਦਿਮਾਗ਼ ਉਸਾਰੂ ਸੋਚ ਸੋਚੇਗਾ ਤਾਂ ਸਮਾਜ ਤਰੱਕੀ ਕਰੇਗਾ। ਜੇ ਕਰ ਮਨੁੱਖੀ ਦਿਮਾਗ਼ ਮਾੜੇ ਵਿਚਾਰਾਂ ਦਾ ਘਰ ਬਣ ਜਾਵੇ ਤਾਂ ਸਮਾਜ ਵੀ ਨਿਘਾਰ ਵਾਲੇ ਪਾਸੇ ਚਲਾ ਜਾਵੇਗਾ:- ਜਿਸ ਬੰਦੇ ਦੀ ਸਿਹਤ ਹੋਵੇ ਨਾ ਚੰਗੀ, ਉਸ ਨੂੰ ਕੋਈ ਵੀ ਚੀਜ਼ ਲੱਗੇ ਨਾ ਚੰਗੀ। ਸਿਹਤ ਖ਼ਰਾਬ ਕਰੇ ਜੋ ਨਸ਼ਿਆਂ ਨਾਲ, ਉਹ ਆਪਣੀ ਜ਼ਿੰਦਗੀ ਆਪੇ ਲਵੇ ਗਾਲ। ਮਹਿੰਦਰ ਸਿੰਘ ਮਾਨ ਦੀ ਕਵਿਤਾ ਵਿੱਚ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਸਿੱਖ ਧਰਮ ਦੀ ਵਡਿਆਈ ਕਰਦੀਆਂ ਕਵਿਤਾਵਾਂ ਵੀ ਸ਼ਾਮਲ ਹਨ ਜਿਨ੍ਹਾਂ ਵਿੱਚ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਸਰਬੱਤ ਦੇ ਭਲੇ ਦੇ ਉਪਦੇਸ਼ ਬਾਰੇ ਕਾਵਿਕ ਖ਼ਿਆਲ ਪੇਸ਼ ਕੀਤਾ ਗਿਆ ਹੈ। ਮਹਿੰਦਰ ਸਿੰਘ ਮਾਨ ਦੀ ਕਵਿਤਾ ਵਿੱਚ ਜਿੱਥੇ ਲੋਕ-ਹਿੱਤਾਂ ਦੀ ਗੱਲ ਕੀਤੀ ਗਈ ਹੈ ਉੱਥੇ ਨਾਂਹ ਵਾਚੀ ਤਾਕਤਾਂ ਪ੍ਰਤੀ ਰੋਹ ਵੀ ਪੇਸ਼ ਹੋਇਆ ਹੈ ਅਤੇ ਕਿਧਰੇ-ਕਿਧਰੇ ਅਜਿਹੀਆਂ ਪ੍ਰਸਥਿਤੀਆਂ ਅਤੇ ਵਿਅਕਤੀਆਂ ਪ੍ਰਤੀ ਵਿਅੰਗਮਈ ਕਾਵਿਕ ਪ੍ਰਤੀਕਰਮ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ ਉਹ ਲਿਖਦਾ ਹੈ:- ਕਰਦੇ ਨੇ ਜੋ ਨਿੱਤ ਕਾਲੇ ਕਾਰੇ, ਉਹ ਇੱਥੇ ਜਾਂਦੇ ਨੇ ਸਤਿਕਾਰੇ। ਜਿੱਤ ਗਏ ਜੋ ਚੋਣਾਂ ਧੋਖੇ ਨਾ', ਉਹਨਾਂ ਦੇ ਹੋ ਗਏ ਵਾਰੇ ਨਿਆਰੇ। ਪਰ ਕਵੀ ਇਸ ਗੱਲੋਂ ਆਸਵੰਦ ਹੈ ਕਿ ਜੇ ਕਰ ਰਿਸ਼ਤਿਆਂ ਵਿਚਲਾ ਨਿੱਘ, ਪਿਆਰ ਅਤੇ ਸਮਾਜਿਕ ਏਕਤਾ ਬਣੀ ਰਹੇਗੀ ਤਾਂ ਹੀ ਤਰੱਕੀ ਅਤੇ ਸਮਾਜਿਕ ਭਲੇ ਦੀ ਆਸ ਰੱਖੀ ਜਾ ਸਕਦੀ ਹੈ। ਜਿਵੇਂ:- ਆ ਜਾ ਕੱਠੇ ਹੋ ਕੇ ਹਿਲਾਈਏ ਹਾਕਮ ਨੂੰ, ਸੁੱਤਾ ਰਹੇ ਨਾ ਕਿਤੇ ਪੰਜੇ ਸਾਲ ਭਰਾਵਾ।*
ਕੁਝ ਨਹੀਂ ਬਦਲੇਗਾ ਇੱਥੇ ਉਦੋਂ ਤੱਕ,
ਜਦ ਤੱਕ ਹੁੰਦੇ ਨਹੀਂ ਕੱਠੇ ਸਾਰੇ।***

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਮਹਿੰਦਰ ਸਿੰਘ ਮਾਨ ਅਜਿਹਾ ਕਵੀ ਹੈ ਜਿਹੜਾ ਆਪਣੀ ਕਵਿਤਾ ਵਿੱਚ ਸਾਦੀ ਆਮ ਵਰਤੀ ਜਾਂਦੀ ਭਾਸ਼ਾ ਰਾਹੀਂ ਲੋਕਾਂ ਨੂੰ ਸੁਚੇਤ ਵੀ ਕਰਦਾ ਹੈ ਅਤੇ ਲੋਕ-ਹਿੱਤਾਂ ਦੀ ਬਾਤ ਵੀ ਪਾਉਂਦਾ ਹੈ। ਉਸ ਦੀ ਕਵਿਤਾ ਆਸ, ਵਿਸ਼ਵਾਸ ਅਤੇ ਸ਼ੁਭ ਇੱਛਾ ਦੀ ਕਵਿਤਾ ਹੈ ਜੋ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਫਰਜ਼ਾਂ ਤੋਂ ਜਾਣੂ ਕਰਵਾਉਂਦੀ ਹੈ।

# ਸਿਆਣਪ ਅਤੇ ਈਮਾਨਦਾਰੀ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ




ਇਹ ਯਾਦ ਮੇਰੇ ਸੰਘਰਸ਼ੀ ਦਿਨਾਂ ਦੀ ਹੈ। 1989-90 ਵਿੱਚ ਮੈਂ ਏਐੱਸ ਕਾਲਜ ਖੰਨਾ ਵਿਖੇ ਅਧਿਆਪਨ ਕਾਰਜ ਕਰ ਰਿਹਾ ਸਾਂ। ਉਨ੍ਹੀਂ ਦਿਨੀਂ ਮੇਰੀ ਰਿਹਾਇਸ਼ ਅਰਬਨ ਐਸਟੇਟ, ਫੇਜ਼-2, ਪਟਿਆਲਾ ਵਿਖੇ ਸੀ। ਉੱਥੋਂ ਹੀ ਮੈਂ ਹਰ ਰੋਜ਼ ਖੰਨਾ ਆਇਆ-ਜਾਇਆ ਕਰਦਾ ਸਾਂ। ਉਦੋਂ ਅਰਬਨ ਐਸਟੇਟ ਬੱਸਾਂ ਨਹੀਂ ਸਨ ਰੁਕਦੀਆਂ। ਆਟੋ ਦੀ ਸਵਾਰੀ ਕਰਨੀ ਪੈਂਦੀ ਸੀ ਜਾਂ ਫਿਰ ਆਪਣੇ ਕੋਲ ਵਹੀਕਲ ਹੋਣਾ ਜ਼ਰੂਰੀ ਸੀ। ਪਰ ਮੇਰੇ ਕੋਲ ਸਿਰਫ਼ ਸਾਈਕਲ ਸੀ, ਜਿਸ ਰਾਹੀਂ ਮੈਂ ਯੂਨੀਵਰਸਿਟੀ ਤੱਕ ਤਾਂ ਆ-ਜਾ ਲੈਂਦਾ ਸਾਂ, ਸ਼ਹਿਰ ਬਹੁਤ ਘੱਟ।

ਖੰਨਾ ਜਾਣ ਲਈ ਘਰੋਂ 7 ਵਜੇ ਚੱਲਣਾ ਪੈਂਦਾ। ਪਹਿਲਾਂ ਪੈਦਲ ਤੁਰ ਕੇ ਮੁੱਖ ਸੜਕ ਤੇ ਪੁੱਜਦਾ, ਉੱਥੋਂ ਆਟੋ ਉਡੀਕਦਾ, ਆਟੋ ਤੇ ਸਫ਼ਰ ਕਰਦਾ, ਬੱਸ ਅੱਡੇ ਪੁੱਜਦਾ। ਉਦੋਂ ਬੱਸ ਅੱਡਾ ਹੁਣ ਵਾਲੀ ਥਾਂ ਨਹੀਂ ਸੀ, ਪੁਰਾਣੀ ਥਾਂ ਸੀ, ਯਾਨੀ ਰੇਲਵੇ ਸਟੇਸ਼ਨ ਨੇੜੇ। ਉਦੋਂ ਆਟੋ ਰਾਹੀਂ ਅਰਬਨ ਐਸਟੇਟ ਤੋਂ ਬੱਸ ਅੱਡੇ ਜਾਣ ਲਈ 5/- ਰੁਪਏ ਕਿਰਾਇਆ ਸੀ। ਹੁਣ ਸ਼ਾਇਦ 20/- ਰੁਪਏ ਹੈ।

ਜਦੋਂ ਦੀ ਇਹ ਘਟਨਾ ਹੈ, ਉਨ੍ਹੀਂ ਦਿਨੀਂ ਮੈਂ ਘਰੇ ਇਕੱਲਾ ਰਹਿ ਰਿਹਾ ਸਾਂ। ਮਾਤਾ ਪਿਤਾ ਕਿਧਰੇ ਗਏ ਹੋਏ ਸਨ ਤੇ ਮੇਰਾ ਅਜੇ ਵਿਆਹ ਨਹੀਂ ਸੀ ਹੋਇਆ। ਸਪਸ਼ਟ ਹੈ ਕਿ ਚਾਹ-ਪਾਣੀ ਤੇ ਰੋਟੀ-ਟੁੱਕ ਦਾ ਜੁਗਾੜ ਖੁਦ ਹੀ ਕਰਦਾ ਸਾਂ। ਬੱਸ ਅੱਡੇ ਤੋਂ ਬੱਸ ਲੈ ਕੇ ਖੰਨੇ ਪਹੁੰਚਣਾ, ਫਿਰ ਉੱਥੋਂ ਮਾਛੀਵਾੜੇ ਦੀ ਬੱਸ ਲੈ ਕੇ ਕਾਲਜ ਪਹੁੰਚਣਾ, ਕਿਉਂਕਿ ਕਾਲਜ ਖੰਨਾ-ਮਾਛੀਵਾੜਾ ਸੜਕ ਉੱਤੇ ਸਥਿਤ ਸੀ। ਜੇ ਬੱਸ ਸਮੇਂ ਸਿਰ ਨਾ ਮਿਲਦੀ ਤਾਂ ਕਿਸੇ ਆਟੋ ਦਾ ਸਹਾਰਾ ਲੈਣਾ ਪੈਂਦਾ। ਇਵੇਂ ਹੀ ਕਾਲਜ ਤੋਂ ਵਾਪਸੀ ਵੇਲੇ ਹੁੰਦਾ। ਸਵੇਰੇ 7 ਵਜੇ ਦਾ ਚੱਲਿਆ, ਘਰੇ ਵਾਪਸ 4-5 ਕੁ ਵਜੇ ਥੱਕਿਆ-ਟੁੱਟਿਆ ਮੁੜਦਾ। ਬਹੁਤ ਨੱਸ-ਭੱਜ ਤੇ ਭਕਾਈ ਵਾਲਾ ਮਸਲਾ ਸੀ। ਪਰ ਮੈਂ ਇਹ ਸੰਘਰਸ਼ੀ-ਦੌਰ ਕਰੀਬ 13 ਸਾਲ (ਬਨਵਾਸ ਨਾਲੋਂ ਕੁਝ ਘੱਟ) ਆਪਣੇ ਪਿੰਡੇ ਤੇ ਸਹਾਰਿਆ ਹੈ।

ਗਰਮੀਆਂ ਦੇ ਕਿਸੇ ਦਿਨ ਦੀ ਗੱਲ ਹੈ। ਮੈਂ ਅਰਬਨ ਐਸਟੇਟ ਵਾਲੇ ਘਰ ਨੂੰ ਜਿੰਦਰਾ ਲਾਇਆ, ਚਾਬੀ ਪੈਂਟ ਦੀ ਜੇਬ 'ਚ ਪਾਈ ਤੇ ਵਾਹੋ-ਦਾਹੀ ਮੇਨ ਰੋਡ ਤੇ ਪੁੱਜਾ। ਚੰਗੇ ਭਾਗਾਂ ਨੂੰ ਉੱਥੇ ਇੱਕ ਆਟੋ ਖੜ੍ਹਾ ਸੀ, ਜੋ ਮੈਨੂੰ ਇਕੱਲੇ ਨੂੰ ਲੈ ਕੇ ਚੱਲ ਪਿਆ। ਮੈਂ ਬੱਸ ਅੱਡੇ ਪੁੱਜ ਕੇ ਆਟੋ ਦਾ ਕਿਰਾਇਆ ਦਿੱਤਾ ਤੇ ਖੰਨੇ ਜਾਣ ਵਾਲੀ ਬੱਸ ਫੜੀ। ਵਾਪਸੀ ਵੇਲੇ ਵੀ ਸੁਖ ਸ਼ਾਂਤੀ ਨਾਲ ਅਰਬਨ ਐਸਟੇਟ ਪੁੱਜ ਗਿਆ। ਪਰ ਘਰ ਨੂੰ ਚੱਲਣ ਤੋਂ ਪਹਿਲਾਂ ਅਚਾਨਕ ਜੇਬ 'ਚ ਹੱਥ ਮਾਰਿਆ ਤਾਂ ਚਾਬੀ ਗਾਇਬ ਸੀ। ਪੈਂਟ ਤੇ ਕਮੀਜ਼ ਦੀਆਂ ਸਾਰੀਆਂ ਜੇਬਾਂ ਫਰੋਲ ਮਾਰੀਆਂ, ਪਰ ਚਾਬੀ ਹੋਵੇ ਤਾਂ ਮਿਲੇ। ਹੁਣ ਘਰ ਜਾ ਕੇ ਜਿੰਦਰਾ ਕਿਵੇਂ ਖੋਲ੍ਹਾਂਗਾ? ਅਰਬਨ ਐਸਟੇਟ ਦੇ ਅੱਡੇ ਤੇ ਇੱਕ ਸਾਈਕਲ ਪੈਂਚਰ ਵਾਲੇ ਦੀ ਛੋਟੀ ਜਿਹੀ ਦੁਕਾਨ ਸੀ। ਉਹਨੂੰ ਆਟੋ ਵਾਲੇ ਦਾ ਹੁਲੀਆ ਦੱਸ ਕੇ ਉਹਦਾ ਘਰ, ਜੋ ਫੇਜ਼-1 ਵਿੱਚ ਸੀ, ਲੱਭਿਆ। ਉਹ ਉਸ ਵੇਲੇ ਘਰ ਨਹੀਂ ਸੀ। ਅੱਧਾ-ਪੌਣਾ ਘੰਟਾ ਉਹਦੇ ਘਰ ਕੋਲ ਖੜ੍ਹ ਕੇ ਉਡੀਕ ਕੀਤੀ। ਜਦੋਂ ਉਹ ਆਇਆ ਤਾਂ ਸਾਰੀ ਗੱਲ ਦੱਸੀ ਕਿ ਸਵੇਰੇ ਤੁਹਾਡੇ ਆਟੋ ਤੇ ਬੱਸ ਅੱਡੇ ਗਿਆ ਸਾਂ, ਕਿਤੇ ਮੇਰੀ ਚਾਬੀ ਤਾਂ ਆਟੋ ਵਿੱਚ ਨਹੀਂ ਡਿੱਗੀ ਮਿਲੀ? ਉਸ ਦਰਵੇਸ਼ ਬੰਦੇ ਨੇ ਸਾਰੀ ਗੱਲ ਸਹਿਜ ਨਾਲ ਸੁਣ ਕੇ ਦੱਸਿਆ, "ਕੇਵਲ ਚਾਬੀ ਹੀ ਨਹੀਂ, ਸਗੋਂ ਪੰਜਾਹ ਪੈਸੇ ਦਾ ਸਿੱਕਾ ਵੀ ਸੀਟ ਤੇ ਡਿੱਗਿਆ ਮਿਲਿਆ ਸੀ। ਪੰਜਾਹ ਪੈਸੇ ਤਾਂ ਮੈਂ ਗੁਰਦੁਆਰੇ ਦੂਖ ਨਿਵਾਰਨ ਮੱਥਾ ਟੇਕ ਆਇਆ ਹਾਂ ਤੇ ਤੁਹਾਡੀ ਚਾਬੀ ਸੰਭਾਲ ਕੇ ਰੱਖ ਲਈ ਹੈ।" ਇੰਨਾ ਕਹਿ ਕੇ ਉਹ ਘਰ ਅੰਦਰ ਗਿਆ ਤੇ ਮੈਨੂੰ ਚਾਬੀ ਲਿਆ ਕੇ ਦਿੱਤੀ। ਮੈਂ ਵਾਰ ਵਾਰ ਉਹਦਾ ਧੰਨਵਾਦ ਕੀਤਾ। ਜਿੱਥੇ ਪਹਿਲਾਂ ਮੈਂ ਘਰੇ 4-5 ਵਜੇ ਤੱਕ ਪੁੱਜਦਾ ਸਾਂ, ਉਸ ਦਿਨ 7 ਵੱਜ ਗਏ। ਇਹ ਵੀ ਸੰਭਵ ਸੀ ਕਿ ਉਹ ਚਾਬੀ ਸੁੱਟ ਦਿੰਦਾ ਜਾਂ ਕਹਿ ਦਿੰਦਾ ਕਿ ਕੋਈ ਚਾਬੀ-ਚੂਬੀ ਨਹੀਂ ਮਿਲੀ। ਪਰ ਉਦੋਂ ਚੰਗੇ ਦਿਨ ਸਨ, ਬੰਦੇ ਚੰਗੇ ਸਨ, ਸਿਆਣੇ ਤੇ ਈਮਾਨਦਾਰ ਸਨ। ਅੱਜ ਤਿੰਨ ਦਹਾਕਿਆਂ ਤੋਂ ਵਧੀਕ ਸਮੇਂ ਪਿੱਛੋਂ ਵੀ ਮੈਨੂੰ ਉਸ ਆਟੋ ਵਾਲੇ ਦਰਵੇਸ਼ ਦੀ ਸਿਆਣਪ ਤੇ ਈਮਾਨਦਾਰੀ ਇਨਬਿਨ ਯਾਦ ਹੈ। ਹਾਂ, ਉਸਦਾ ਚਿਹਰਾ ਬਿਲਕੁਲ ਵਿੱਸਰ ਚੁੱਕਿਆ ਹੈ। ਅੱਜਕੱਲ੍ਹ ਜਦ ਵੀ ਘਰੋਂ ਬਾਹਰ ਜਾਂਦਾ ਹਾਂ ਤਾਂ ਚਾਬੀ ਨੂੰ ਬਹੁਤ ਇਹਤਿਆਤ ਨਾਲ ਸੰਭਾਲ ਕੇ ਰੱਖਦਾ ਹਾਂ, ਮਤੇ ਓਹ ਗੱਲ ਨਾ ਵਾਪਰ ਜਾਵੇ!